"ਫਰਿਸ਼ਤਾ ਬਣਕੇ ਬਾਪਦਾਦਾ ਦੀ ਛਤਰਛਾਇਆ ਅਤੇ ਪਿਆਰ ਦੀ ਅਨੁਭੂਤੀ ਕਰੋ"

ਅੱਜ ਵਿਸ਼ਵ ਦੇ ਸੱਚੇ ਡਾਇਮੰਡ ਤਰ੍ਹਾਂ ਚਮਕਣ ਵਾਲੇ, ਪ੍ਰਕ੍ਰਿਤੀ ਨੂੰ ਵੀ ਡਾਇਮੰਡ ਤਰ੍ਹਾਂ ਚਮਕਾਉਣ ਵਾਲੇ, ਵਿਸ਼ਵ ਦੀ ਆਤਮਾਵਾਂ ਵਿੱਚੋ ਆਪਣੇ ਡਾਇਰੈਕਟ ਬੱਚਿਆਂ ਨੂੰ ਡਾਇਮੰਡ ਬਣਾਉਣ ਵਾਲੇ, ਨਾਲ - ਨਾਲ ਨਵੇ ਵਰ੍ਹੇ ਦੇ ਨਾਲ ਨਵ ਯੁਗ, ਨਵੇਂ ਵਿਸ਼ਵ ਨੂੰ ਸਥਾਪਨ ਕਰਨ ਵਾਲੇ ਬਾਪ ਡਾਇਮੰਡ ਬਣਨ ਵਾਲੇ ਬੱਚਿਆਂ ਨੂੰ ਦੇਖ ਰਹੇ ਹਨ। ਸਾਕਾਰ ਸਵਰੂਪ ਵਿੱਚ ਵੀ ਬਾਪਦਾਦਾ ਦੇ ਸਾਹਮਣੇ ਕਿੰਨੇ ਡਾਇਮੰਡ ਚਮਕ ਰਹੇ ਹਨ ਅਤੇ ਵਿਸ਼ਵ ਦੇ ਕੋਨੇ - ਕੋਨੇ ਵਿੱਚ ਚਾਰੋਂ ਪਾਸੇ ਚਮਕਦੇ ਹੋਏ ਡਾਇਮੰਡ ਦੇਖ ਰਹੇ ਹਨ। ਆਤਮਾ ਸਭ ਦੇ ਮਸਤੱਕ ਵਿੱਚ ਚਮਕਦੀ ਹੋਈ ਡਾਇਮੰਡ ਕਿੰਨੀ ਚੰਗੀ ਲੱਗਦੀ ਹੈ। ਸਾਹਮਣੇ ਤੋਂ ਚਮਦਕੀ ਹੋਈ ਆਤਮਾ ਡਾਇਮੰਡ ਅਤੇ ਇੰਨੇ ਸੰਗਠਿਤ ਰੂਪ ਵਿੱਚ ਚਾਰੋਂ ਪਾਸੇ ਅਤੇ ਡਾਇਮੰਡ ਹੀ ਡਾਇਮੰਡ ਦੇਖਣ ਵਿੱਚ ਦ੍ਰਿਸ਼ ਕਿੰਨਾ ਪਿਆਰਾ ਲੱਗਦਾ ਹੈ! ਤਾਂ ਇਹ ਸੰਗਠਨ ਕਿਸਦਾ ਹੈ? ਡਾਇਮੰਡਸ ਦਾ ਹੈ ਨਾ? ਭਾਵੇਂ ਨੰਬਰਵਾਰ ਹਨ ਫਿਰ ਵੀ ਚਮਕ ਰਹੇ ਹਨ। ਚਮਕਦੇ ਹੋਏ ਡਾਇਮੰਡਸ ਦੀ ਸਭਾ ਬਾਪ ਦੇ ਸਾਹਮਣੇ ਹੈ। ਤੁਸੀਂ ਵੀ ਕੀ ਦੇਖ ਰਹੇ ਹੋ? ਡਾਇਮੰਡ ਦੇਖ ਰਹੇ ਹੋ ਨਾ ਕਿ ਸ਼ਰੀਰ ਦੇਖ ਰਹੇ ਹੋ? 63 ਜਨਮ ਸ਼ਰੀਰ ਨੂੰ ਹੀ ਦੇਖਿਆ ਪਰ ਹੁਣ ਸ਼ਰੀਰ ਵਿੱਚ ਚਮਕਦਾ ਹੋਇਆ ਡਾਇਮੰਡ ਦਿਖਾਈ ਦਿੰਦਾ ਹੈ ਜਾਂ ਛਿਪਿਆ ਹੋਇਆ ਹੈ ਇਸਲਈ ਕਦੀ ਦਿਖਾਈ ਦਿੰਦਾ ਹੈ, ਕਦੀ ਛਿਪ ਜਾਂਦਾ ਹੈ?

ਡਾਇਮੰਡ ਜੁਬਲੀ ਹੈ, ਤਾਂ ਜੁਬਲੀ ਵਿੱਚ ਕੀ ਹੁੰਦਾ ਹੈ? ਕੀ ਸਜਾਉਂਦੇ ਹਨ? ਅੱਜਕਲ ਵਰੇਇਟੀ ਲਾਈਟਸ ਦੀ ਸਜਾਵਟ ਜ਼ਿਆਦਾ ਹੁੰਦੀ ਹੈ। ਤੁਸੀਂ ਲੋਕ ਵੀ ਵਰੀਕ੍ਸ਼ ਵਿੱਚ ਇੱਥੇ - ਉੱਥੇ ਲਾਇਟ ਲਗਾਉਂਦੇ ਹੋ ਨਾ? ਉਹ ਤਾਂ ਇਕ ਦਿਨ ਦੇ ਲਈ ਜੁਬਲੀ ਮਨਾਉਣਗੇ ਜਾਂ ਕ੍ਰਿਸਮਿਸ ਮਨਾਉਣਗੇ ਜਾਂ ਕੋਈ ਵੀ ਉਤਸਵ ਮਨਾਉਣਗੇ ਪਰ ਤੁਸੀਂ ਕੀ ਮਨਾ ਰਹੇ ਹੋ? ਡਾਇਮੰਡ ਦਿਵਸ ਕਹਿੰਦੇ ਹੋ ਜਾਂ ਡਾਇਮੰਡ ਵਰ੍ਹਾ ਕਹਿੰਦੇ ਹੋ? (ਡਾਇਮੰਡ ਵਰ੍ਹਾ) ਡਾਇਮੰਡ ਵਰ੍ਹਾ ਮਨਾ ਰਹੇ ਹੋ - ਪੱਕਾ? ਜੇਕਰ ਇਹ ਹੀ ਸਭ ਦਾ ਦ੍ਰਿੜ ਸੰਕਲਪ ਹੈ ਕਿ ਡਾਇਮੰਡ ਵਰ੍ਹਾ ਮਨਾ ਰਹੇ ਹਨ, ਤਾਂ ਤੁਹਾਡੇ ਮੁਖ ਵਿੱਚ ਗੁਲਾਬ -ਜਾਮੁਨ ਹੋ। ਤਾਂ ਮਨਾਉਣਾ ਮਤਲਬ ਬਣਨਾ। ਤਾਂ ਸਾਰਾ ਸਾਲ ਡਾਇਮੰਡ ਬਣੋਗੇ ਕਿ ਥੋੜ੍ਹਾ - ਥੋੜ੍ਹਾ ਦਾਗ਼ ਲੱਗੇਗਾ? ਬਾਪਦਾਦਾ ਤੇ ਬੱਚਿਆਂ ਦਾ ਉਮੰਗ - ਉਤਸ਼ਾਹ ਦੇਖ ਪਦਮਗੁਣਾਂ ਡਬਲ ਮੁਬਾਰਕ ਦਿੰਦੇ ਹਨ। ਅੱਜ ਡਬਲ ਹੈ ਨਾ, ਇੱਕ ਨਵਾਂ ਸਾਲ ਅਤੇ ਦੂਸਰਾ ਡਾਇਮੰਡ ਜੁਬਲੀ - ਦੋਵਾਂ ਦਾ ਸੰਗਠਨ ਹੈ। ਤਾਂ ਡਾਇਮੰਡ ਸਾਲ ਵਿੱਚ ਬਾਪਦਾਦਾ ਇਹ ਹੀ ਵਿਸ਼ੇਸ਼ਤਾ ਦੇਖਣਾ ਚਾਹੁੰਦੇ ਹਨ ਕਿ ਹਰ ਬੱਚੇ ਨੂੰ ਜਦੋਂ ਦੇਖੋ, ਜਿਸਨੂੰ ਦੇਖੋ ਤਾਂ ਚਮਕਦਾ ਹੋਇਆ ਡਾਇਮੰਡ ਹੀ ਦਿਖਾਈ ਦਵੇ। ਮਿੱਟੀ ਦੇ ਅੰਦਰ ਵਾਲਾ ਡਾਇਮੰਡ ਨਹੀਂ, ਚਮਕਦਾ ਹੋਇਆ ਡਾਇਮੰਡ। ਤਾਂ ਸਾਰੇ ਸਾਲ ਦੇ ਲਈ ਇਵੇਂ ਦੇ ਡਾਇਮੰਡ ਬਣ ਗਏ? ਕਿਉਂਕਿ ਸੰਕਲਪ ਤਾਂ ਅੱਜ ਕਰਨਾ ਹੈ ਨਾ ਕਿ ਡਾਇਮੰਡ ਬਣਾਂਗੇ ਵੀ ਅਤੇ ਦੇਖਾਂਗੇ ਵੀ। ਭਾਵੇਂ ਉਹ ਦੂਸਰੀ ਆਤਮਾ ਕਾਲਾ ਕੋਇਲਾ ਵੀ ਹੋਵੇ, ਇਕਦਮ ਤਮੋਗੁਣੀ ਆਤਮਾ ਹੋਵੇ ਪਰ ਤੁਸੀਂ ਕੀ ਦੇਖੋਗੇ? ਕੋਇਲਾ ਦੇਖੋਗੇ ਜਾਂ ਡਾਇਮੰਡ? ਡਾਇਮੰਡ ਦੇਖੋਗੇ, ਅੱਛਾ। ਤਾਂ ਤੁਹਾਡੀ ਦ੍ਰਿਸ਼ਟੀ ਪੈਣ ਨਾਲ ਉਸਦਾ ਵੀ ਕਾਲਾਪਨ ਘੱਟ ਹੁੰਦਾ ਜਾਏਗਾ। ਡਾਇਮੰਡ ਜੁਬਲੀ ਵਿੱਚ ਇਹ ਹੀ ਸੇਵਾ ਕਰਨੀ ਹੈ ਨਾ! ਅੰਮ੍ਰਿਤਵੇਲੇ ਤੋਂ ਲੈਕੇ ਰਾਤ ਤੱਕ ਜਿੰਨਿਆਂ ਦੇ ਵੀ ਸੰਬੰਧ - ਸੰਪਰਕ ਵਿੱਚ ਆਓ ਤਾਂ ਡਾਇਮੰਡ ਬਣ ਡਾਇਮੰਡ ਦੇਖਣਾ ਹੈ। ਇਹ ਪੱਕਾ ਕੀਤਾ ਹੈ ਜਾਂ ਡਾਇਮੰਡ ਜੁਬਲੀ ਮਨਾਉਣਾ ਹੈ ਤਾਂ ਹਰ ਜਗ੍ਹਾ ਤੇ ਸਿਰਫ ਦੋ ਤਿੰਨ ਫੰਕਸ਼ਨ ਕੀਤਾ ਅਤੇ ਡਾਇਮੰਡ ਜੁਬਲੀ ਹੋ ਗਈ? ਫੰਕਸ਼ਨ ਕਰੋ, ਨਿਮੰਤਰਣ ਦਵੋ, ਜਗਾਓ, ਇਹ ਤਾਂ ਕਰਨਾ ਹੈ ਇਹ ਅਤੇ ਕਰ ਵੀ ਰਹੇ ਹਨ ਪਰ ਸਿਰਫ਼ ਫੰਕਸ਼ਨ ਨਹੀਂ ਕਰਨੇ ਹਨ, ਇਸ ਡਾਇਮੰਡ ਜੁਬਲੀ ਵਿੱਚ ਡਾਇਮੰਡ ਬਣ ਡਾਇਮੰਡ ਦੇਖਣਾ, ਡਾਇਮੰਡ ਬਣਨਾ, ਇਹ ਰੋਜ਼ ਦਾ ਫੰਕਸ਼ਨ ਹੈ। ਤਾਂ ਰੋਜ਼ ਫੰਕਸ਼ਨ ਕਰਨਗੇ ਜਾਂ ਦੋ - ਚਾਰ ਦਿਨ, ਸਪਤਾਹ ਕਰੋਂਗੇ?

ਇਸ ਵਰ੍ਹੇ ਵਿੱਚ ਬਾਪਦਾਦਾ ਦੀ ਵਿਸ਼ੇਸ਼ ਇਹ ਸਭ ਬੱਚਿਆਂ ਦੇ ਪ੍ਰਤੀ ਸ਼ੁਭ ਆਸ਼ ਕਹੋ ਅਤੇ ਸ਼੍ਰੇਸ਼ਠ ਸ਼੍ਰੀਮਤ ਕਹੋ ਕਿ ਡਾਇਮੰਡ ਦੇ ਬਿਨਾਂ ਹੋਰ ਕੁਝ ਨਹੀਂ ਬਣਨਾ ਹੈ। ਕੁਝ ਵੀ ਹੋ ਜਾਵੇ ਡਾਇਮੰਡ ਨੂੰ ਦਾਗ਼ ਨਹੀਂ ਲਗਾਉਣਾ। ਜੇਕਰ ਕਿਸੇ ਵੀ ਵਿਘਣ ਦੇ ਵਸ਼ ਹੋ ਗਏ ਜਾਂ ਸੁਭਾਵ ਦੇ ਵਸ਼ ਹੋ ਗਏ ਤਾਂ ਦਾਗ਼ ਲਗ ਗਿਆ। ਵਿਘਣ ਤੇ ਆਉਣੇ ਚਾਹੀਦੇ ਹਨ ਨਾ! ਵਿਘਣ - ਵਿਨਾਸ਼ਕ ਟਾਈਟਲ ਹੈ ਤਾਂ ਵਿਘਣ ਆਉਣਗੇ ਤਾਂ ਤੇ ਵਿਨਾਸ਼ ਹੋਣਗੇ? ਜੇਕਰ ਕੋਈ ਵਿਜੇਈ ਕਹੇ ਕਿ ਦੁਸ਼ਮਣ ਨਹੀਂ ਆਵੇ ਪਰ ਮੈਂ ਵਿਜੇਈ ਹਾਂ ਤਾਂ ਕੋਈ ਮੰਨੇਗਾ? ਨਹੀਂ। ਤਾਂ ਵਿਘਣ ਤੇ ਆਉਣਗੇ, ਭਾਵੇਂ ਪ੍ਰਕ੍ਰਿਤੀ ਦੇ, ਭਾਵੇਂ ਆਤਮਾਵਾਂ ਦੇ, ਭਾਵੇਂ ਅਨੇਕ ਤਰ੍ਹਾਂ ਦੀ ਪ੍ਰਸਥਿਤੀਆਂ ਦੇ ਵਿਘਣ ਆਉਣਗੇ ਪਰ ਤੁਸੀਂ ਡਾਇਮੰਡ ਅਜਿਹੇ ਪਾਵਰਫੁੱਲ ਹੋ ਜੋ ਦਾਗ਼ ਦਾ ਪ੍ਰਭਾਵ ਨਹੀਂ ਪਵੇ। ਇਹ ਹੋ ਸਕਦਾ ਹੈ?

ਇਹ ਡਾਇਮੰਡ ਜੁਬਲੀ ਸਾਲ ਮਹਾਨ ਸਾਲ ਹੈ। ਜਿਵੇਂ ਕੋਈ ਵਿਸ਼ੇਸ਼ ਮਹੀਨਾ ਮਨਾਂਉਦੇ ਹਨ ਨਾ, ਤਾਂ ਇਹ ਡਾਇਮੰਡ ਜੁਬਲੀ ਵਰ੍ਹਾ ਮਹਾਨ ਵਰ੍ਹਾ ਹੈ। ਬਾਪਦਾਦਾ ਇਸ ਸਾਲ ਵਿੱਚ ਸਭ ਨੂੰ ਚੱਲਦਾ - ਫਿਰਦਾ ਫਰਿਸ਼ਤਾ ਦੇਖਣਾ ਚਾਹੁੰਦੇ ਹਨ। ਕਈ ਕਹਿੰਦੇ ਹਨ ਕਿ ਆਤਮਾ ਨੂੰ ਦੇਖਣ ਦੀ ਕੋਸ਼ਸ਼ ਤਾਂ ਕਰਦੇ ਹਾਂ ਪਰ ਆਤਮਾ ਬਹੁਤ ਛੋਟੀ ਬਿੰਦੀ ਹੈ ਨਾ ਤਾਂ ਸ਼ਰੀਰ ਦਿਖਾਈ ਦਿੰਦਾ ਹੈ। ਤਾਂ ਬਾਪਦਾਦਾ

ਕਹਿੰਦੇ ਹਨ ਚੱਲੋ ਬਿੰਦੀ ਖ਼ਿਸਕ ਜਾਂਦੀ ਹੈ ਪਰ ਫਰਿਸ਼ਤਾ ਸਵਰੂਪ ਤਾਂ ਲੰਬਾ - ਚੋੜਾ ਸ਼ਰੀਰ ਹੈ, ਉਹ ਤਾਂ ਬਿੰਦੀ ਨਹੀਂ ਹੈ ਨਾ। ਫਰਿਸ਼ਤਾ ਮਾਨਾ ਲਾਇਟ ਦਾ ਆਕਾਰ। ਤਾਂ ਫਰਿਸ਼ਤੇ ਸਵਰੂਪ ਵਿੱਚ ਸਥਿਤ ਹੋਕੇ ਹਰ ਕਰਮ ਕਰੋ। ਇਵੇਂ ਨਹੀਂ ਕਿ ਫਰਿਸ਼ਤਾ ਰੂਪ ਵਿੱਚ ਕਰਮ ਨਹੀਂ ਕਰ ਸਕਦੇ ਹੋ। ਕਰ ਸਕਦੇ ਹੋ ਕਿ ਸਾਕਾਰ ਚਾਹੀਦਾ ਹੈ? ਕਿਉਂਕਿ ਸਾਕਾਰ ਸ਼ਰੀਰ ਵਿੱਚ ਬਹੁਤ ਜਨਮਾਂ ਦਾ ਪਿਆਰ ਹੈ। ਤਾਂ ਭੁਲਣਾ ਚਾਹੁੰਦੇ ਹਨ ਪਰ ਭੁੱਲ ਨਹੀਂ ਪਾਉਂਦੇ। ਤਾਂ ਬਾਪ ਕਹਿੰਦੇ ਹਨ ਅੱਛਾ ਜੇਕਰ ਤੁਹਾਨੂੰ ਸ਼ਰੀਰ ਨੂੰ ਹੀ ਦੇਖਣ ਦੀ ਆਦਤ ਪਾ ਗਈ ਹੈ ਤਾਂ ਕੋਈ ਹਰਜ਼ਾ ਨਹੀਂ, ਹੁਣ ਲਾਇਟ ਦਾ ਸ਼ਰੀਰ ਦੇਖੋ। ਸ਼ਰੀਰ ਹੀ ਚਾਹੀਦਾ ਹੈ ਤਾਂ ਫਰਿਸ਼ਤਾ ਵੀ ਸ਼ਰੀਰਧਾਰੀ ਹੈ। ਅਤੇ ਤੁਸੀਂ ਵੀ ਕਹਿੰਦੇ ਹੋ ਕਿ ਸ਼ਿਵਬਾਬਾ ਅਤੇ ਬ੍ਰਹਮਾ ਬਾਬਾ ਨਾਲ ਬਹੁਤ ਪਿਆਰ ਹੈ। ਤਾਂ ਪਿਆਰ ਦਾ ਅਰਥ ਹੈ ਸਮਾਨ ਬਣਨਾ। ਤਾਂ ਜਿਵੇਂ ਬ੍ਰਹਮਾ ਬਾਬਾ ਫਰਿਸ਼ਤਾ ਸਵਰੂਪ ਹੈ, ਇਵੇਂ ਬ੍ਰਹਮਾ ਬਾਪ ਸਮਾਨ ਫਰਿਸ਼ਤਾ ਸਵਰੂਪ ਵਿੱਚ ਸਥਿਤ ਹੋਕੇ ਹਰ ਕਰਮ ਕਰੋ ਕਿਉਂਕਿ ਜਦੋਂ ਡਾਇਮੰਡ ਜੁਬਲੀ ਮਨਾ ਰਹੇ ਹੋ, ਸਥਾਪਨਾ ਦੇ 60 ਵਰ੍ਹੇ ਸੰਪੰਨ ਹੋਏ, ਤਾਂ ਵਿਸ਼ੇਸ਼ ਸਥਾਪਨਾ ਦੇ ਨਿਮਿਤ ਸ਼ਿਵ ਬਾਪ ਤਾਂ ਹਨ ਪਰ ਨਿਮਿਤ ਬ੍ਰਹਮਾ ਬਾਬਾ ਬਣਿਆ। ਤੁਸੀਂ ਵੀ ਆਪਣੇ ਨੂੰ ਸ਼ਿਵ ਕੁਮਾਰ ਅਤੇ ਸ਼ਿਵ ਕੁਮਾਰੀ ਨਹੀਂ ਕਹਿੰਦੇ ਹੋ। ਬ੍ਰਹਮਾਕੁਮਾਰ - ਬਰਮਾਕੁਮਾਰੀ ਕਹਿੰਦੇ ਹੋ। ਤਾਂ ਬ੍ਰਹਮਾ ਬਾਪ ਦੇ ਸਥਾਪਨਾ ਦੇ ਕੰਮ ਦੀ ਜੁਬਲੀ ਮਨਾ ਰਹੇ ਹੋ। ਤਾਂ ਜਿਸਦੀ ਜੁਬਲੀ ਮਨਾਈ ਜਾਂਦੀ ਹੈ ਉਸਨੂੰ ਕੀ ਦਿੱਤਾ ਜਾਂਦਾ ਹੈ? (ਗਿਫ਼੍ਟ) ਤਾਂ ਤੁਸੀਂ ਸਭ ਗਿਫ਼੍ਟ ਦਵੋਂਗੇ? ਕਿ ਇਹ ਗੁਲਾਬ ਦਾ ਫੁੱਲ ਲੈ ਆਕੇ ਦਵੋਗੇ ਅਤੇ ਕਹੋਗੇ ਕਿ ਗਿਫ਼੍ਟ ਹੋ ਗਈ। ਕੋਈ ਹਾਥੀ ਲੈ ਆਇਆ, ਕੋਈ ਘੋੜਾ ਲੈ ਆਇਆ, ਇਹ ਗਿਫ਼੍ਟ ਤੇ ਹੈ ਮਨੋਰਜ਼ਨ। ਇਹ ਮਨੋਰਜ਼ਨ ਵੀ ਚੰਗਾ ਹੈ। ਸਭ ਦੇਖਕੇ ਖੁਸ਼ ਹੁੰਦੇ ਹਨ। ਅੱਜ ਘੋੜਾ ਨੱਚ ਰਿਹਾ ਹੈ, ਅੱਜ ਕੋਈ ਮਨੁੱਖ ਨੱਚ ਰਿਹਾ ਹੈ, ਖਿਡੌਣੇ ਦੇਖਕੇ ਖੁਸ਼ ਹੁੰਦੇ ਹਨ। ਉਹ ਭਾਵੇਂ ਲਿਆਉਣਾ ਪਰ ਬ੍ਰਹਮਾ ਬਾਪ ਦੇ ਦਿਲ ਪਸੰਦ ਗਿਫ਼੍ਟ ਕਿਹੜੀ ਦਵੋਗੇ? ਦੇਖੋ, ਕਿਸੇ ਨੂੰ ਗਿਫ਼੍ਟ ਦਿੱਤੀ ਜਾਂਦੀ ਹੈ ਤਾਂ ਦੇਖਿਆ ਜਾਂਦਾ ਹੈ ਇਸਨੂੰ ਕੀ ਪਸੰਦ ਹੈ? ਦੇਖਦੇ ਹਨ ਕਿ ਇਹ ਤੇ ਪਸੰਦ ਕਰੇਗਾ ਜਾਂ ਨਹੀਂ ਕਰੇਗਾ? ਤਾਂ ਬ੍ਰਹਮਾ ਬਾਪ ਨੂੰ ਕੀ ਪਸੰਦ ਹੈ? ਕਿਹੜੀ ਗਿਫ਼੍ਟ ਉਸਨੂੰ ਚੰਗੀ ਲੱਗਦੀ ਹੈ? ਬਾਪ ਦੇ ਦਿਲ ਪਸੰਦ ਗਿਫ਼੍ਟ ਹੈ ਚੱਲਦਾ - ਫ਼ਿਰਦਾ ਫਰਿਸ਼ਤਾ ਸਵਰੂਪ। ਤਾਂ ਫਰਿਸ਼ਤਾ ਸਮਾਨ ਬਣ ਜਾਓ। ਫਰਿਸ਼ਤੇ ਰੂਪ ਵਿੱਚ ਕੋਈ ਵੀ ਵਿਘਣ ਤੁਹਾਨੂੰ ਪ੍ਰਭਾਵ ਨਹੀਂ ਪਾਵੇਗਾ। ਤੁਹਾਡੇ ਸੰਕਲਪ, ਵ੍ਰਿਤੀ, ਦ੍ਰਿਸ਼ਟੀ - ਸਭ ਡਬਲ ਲਾਇਟ ਹੋ ਜਾਣਗੇ। ਤਾਂ ਗਿਫ਼੍ਟ ਦੇਣ ਲਈ ਤਿਆਰ ਹੋ? (ਹਾਂ ਜੀ) ਦੇਖਣਾ ਤੁਹਾਡਾ ਟੇਪ ਵੀ ਹੋ ਰਿਹਾ ਹੈ। ਚੰਗੀ ਗੱਲ ਹੈ ਗੋਲਡਨ ਦੁਨੀਆਂ ਨੂੰ ਲਿਆਉਣ ਦੇ ਲਈ ਫ਼ਰਿਸ਼ਤਾ ਬਣੋਗੇ ਤਾਂ ਜਿਵੇਂ ਹੀਰਾ ਚਮਕਦਾ ਹੈ ਇਵੇਂ ਤੁਹਾਡਾ ਫਰਿਸ਼ਤਾ ਰੂਪ ਚਮਕੇਗਾ। ਇਹ ਅਭਿਆਸ ਚੰਗੀ ਤਰ੍ਹਾਂ ਨਾਲ ਕਰਦੇ ਰਹੋ।

ਅੰਮ੍ਰਿਤਵੇਲੇ ਉੱਠਦੇ ਸਮ੍ਰਿਤੀ ਵਿੱਚ ਲਿਆਓ - ਮੈਂ ਕੌਣ? ਫਰਿਸ਼ਤਾ ਹਾਂ। ਸੰਕਲਪ ਤਾਂ ਕਰਦੇ ਹੋ ਅਤੇ ਚਾਹੁੰਦੇ ਵੀ ਹੋ, ਫਿਰ ਵੀ ਜਦੋਂ ਆਪਣੀ ਰਿਜ਼ਲਟ ਦੇਖਦੇ ਹੋ ਅਤੇ ਲਿੱਖ ਕੇ ਵੀ ਦਿੰਦੇ ਹੋ, ਤਾਂ ਮਜੋਰਿਟੀ ਕਹਿੰਦੇ ਹੋ ਕਿ ਜਿਨਾਂ ਚਾਹੁੰਦੇ ਹਨ ਓਨਾ ਨਹੀਂ ਹੋਇਆ। 50 ਪਰਸੈਂਟ ਹੋਇਆ, 60 ਪਰਸੈਂਟ ਹੋਇਆ। ਤਾਂ ਡਾਇਮੰਡ ਜੁਬਲੀ ਵਿੱਚ ਵੀ ਇਵੇਂ ਪਰਸੈਂਟਜ ਵਿੱਚ ਹੋਵੋਗੇ ਜਾਂ ਫੁੱਲ ਵਿੱਚ ਹੋਵੋਗੇ? ਕੀ ਹੋਵੇਗਾ? ਡਬਲ ਫੋਰਨਰਸ ਬੋਲੋ ਪਰਸੈਂਟਏਜ ਹੋਵੇਗੀ? ਹਾਂ ਜਾਂ ਨਹੀਂ? ਥੋੜ੍ਹਾ - ਥੋੜ੍ਹਾ ਛੁੱਟੀ ਦੇਵੇਂ। ਸ਼ਕਤੀਆਂ ਵਿੱਚ ਪਰਸੈਂਟੇਜ ਹੋਵੇਗੀ? ਹਾਂ ਉਮੰਗ ਉਤਸ਼ਾਹ ਨਾਲ ਨਹੀ ਕਰਦੇ, ਸੋਚ ਕੇ ਕਰਦੇ ਹਨ। ਡਬਲ ਵਿਦੇਸ਼ੀ ਜਾਂ ਭਾਰਤ ਵਾਲੇ ਜੇਕਰ ਪਰਸੈਂਟੇਜ ਦੇ ਬਿਨਾਂ ਫੁੱਲ ਪਾਸ ਹੋ ਗਏ ਤਾਂ ਬ੍ਰਹਮਾ ਬਾਬਾ ਪਤਾ ਹੈ ਕੀ ਕਰੇਗਾ? (ਸ਼ਾਬਾਸ਼ ਦੇਣਗੇ) ਬਸ, ਸਿਰਫ਼ ਸ਼ਾਬਾਸ਼ ਦੇ ਦਵੇਗਾ! ਹੋਰ ਕੀ ਕਰੇਗਾ? ਰੋਜ਼ ਤੁਹਾਨੂੰ ਅੰਮ੍ਰਿਤਵੇਲੇ ਆਪਣੀ ਬਾਹਾਂ ਵਿੱਚ ਸਮਾ ਲਵੇਗਾ। ਤੁਹਾਨੂੰ ਮਹਿਸੂਸਤਾ ਹੋਵੇਗੀ ਕਿ ਬਰ੍ਹਮਾ ਬਾਬਾ ਦੀ ਬਾਹਾਂ ਵਿੱਚ, ਅਤਿਇੰਦਰੀਆਂ ਸੁਖ ਵਿੱਚ ਝੂਲ ਰਹੇ ਹਾਂ। ਵੱਡੀ - ਵੱਡੀ ਭਾਕੀ ਮਿਲੇਗੀ। ਬ੍ਰਹਮਾ ਬਾਬਾ ਦਾ ਬੱਚਿਆਂ ਨਾਲ ਬਹੁਤ ਪਿਆਰ ਹੈ ਨਾ, ਤਾਂ ਅੰਮ੍ਰਿਤਵੇਲੇ ਭਾਕੀ ਮਿਲੇਗੀ ਹੋਰ ਸਾਰਾ ਦਿਨ ਕੀ ਮਿਲੇਗਾ? ਜਿਵੇਂ ਚਿਤਰਾਂ ਵਿੱਚ ਦਿਖਾਉਦੇ ਹਨ ਨਾ, ਕਿ ਜਦੋਂ ਤੂਫ਼ਾਨ ਆਇਆ, ਪਾਣੀ ਵੱਧ ਗਿਆ ਤਾਂ ਸੱਪ ਛਤਰਛਾਇਆ ਬਣ ਗਿਆ। ਉਹਨਾਂ ਨੇ ਤਾਂ ਸ਼੍ਰੀਕ੍ਰਿਸ਼ਨ ਦੇ ਲਈ ਸਥੂਲ ਗੱਲ ਦਿਖਾ ਦਿੱਤੀ ਹੈ ਪਰ ਅਸਲ ਵਿੱਚ ਤੇ ਹੈ ਰੂਹਾਨੀ ਗੱਲ। ਤਾਂ ਜੋ ਫਰਿਸ਼ਤਾ ਬਣੇਗਾ ਉਸਦੇ ਸਾਹਮਣੇ ਜੇਕਰ ਕੋਈ ਵੀ ਪ੍ਰਸਥਿਤੀ ਆਦਿ ਜਾਂ ਕੋਈ ਵੀ ਵਿਘਣ ਆਇਆ ਤਾਂ ਬਾਪ ਖੁਦ ਤੁਹਾਡੀ ਛਤਰਛਾਇਆ ਬਣ ਜਾਣਗੇ। ਕਰਕੇ ਦੇਖੋ ਕਿਉਂਕਿ ਇਵੇਂ ਹੀ ਬਾਪਦਾਦਾ ਨਹੀਂ ਕਹਿੰਦੇ ਹਨ। ਅੱਛਾ!

ਜਿਨ੍ਹਾਂ ਬੱਚਿਆਂ ਦੀ ਡਾਇਮੰਡ ਜੁਬਲੀ ਹੈ ਉਹ ਹੱਥ ਉਠਾਓ। ਹੁਣ ਡਾਇਮੰਡ ਜੁਬਲੀ ਵਾਲਿਆਂ ਨਾਲ ਬਾਪਦਾਦਾ ਗੱਲ ਕਰਦੇ ਹਨ, ਤੁਸੀਂ ਲੋਕਾਂ ਨੇ 14 ਵਰ੍ਹੇ ਵਿੱਚ ਯੋਗ ਤਪੱਸਿਆ ਕੀਤੀ ਵਿਘਣ ਕਿੰਨੇ ਆਏ ਪਰ ਤੁਹਾਨੂੰ ਕੁਝ ਹੋਇਆ? ਤਾਂ ਬਾਪਦਾਦਾ ਛਤਰਛਾਇਆ ਬਣਿਆ ਨਾ, ਕਿੰਨੀਆਂ ਵੱਡੀਆਂ - ਵੱਡੀਆਂ ਗੱਲਾਂ ਹੋਈਆਂ। ਸਾਰੀ ਦੁਨੀਆਂ, ਮੁਖੀ, ਨੇਤਾ, ਗੁਰੂ ਲੋਕ ਸਬ ਐਂਟੀ ਹੋ ਗਏ, ਇੱਕ ਬ੍ਰਹਮਾਕੁਮਾਰੀਆਂ ਅਟਲ ਰਹੀਆਂ, ਪ੍ਰੈਕਟੀਕਲ ਵਿੱਚ ਬੇਗਰੀ ਲਾਈਫ਼ ਵੀ ਦੇਖੀ, ਤਪੱਸਿਆ ਦੇ ਸਮੇਂ ਵੱਖ - ਵੱਖ ਵਿਘਣ ਵੀ ਦੇਖੇ। ਬੰਦੂਕ ਵੀ ਆਈ ਤਾਂ ਤਲਵਾਰਾਂ ਵੀ ਆਈਆਂ, ਸਭ ਆਇਆ ਲੇਕਿਨ ਛਤਰਛਾਇਆ ਰਹੀ ਨਾ। ਕੋਈ ਨੁਕਸਾਨ ਹੋਇਆ? ਜਦੋਂ ਪਾਕਿਸਤਾਨ ਹੋਇਆ ਤਾਂ ਲੋਕ ਹੰਗਾਮੇ ਵਿੱਚ ਪੈ ਡਰਕੇ ਸਭ ਛੱਡਕੇ ਭੱਜ ਗਏ। ਅਤੇ ਤੁਹਾਡਾ ਟੈਨਿਸ ਕੋਰਟ ਸਾਮਾਨ ਨਾਲ ਭਰ ਗਿਆ ਕਿਉਂਕਿ ਜੋ ਚੰਗੀ ਚੀਜ਼ ਲਗਦੀ ਸੀ, ਉਹ ਛੱਡਣ ਕਿਵੇਂ, ਉਹਨਾਂ ਨਾਲ ਪਿਆਰ ਹੁੰਦਾ ਹੈ ਨਾ, ਤਾਂ ਜੋ ਸਿੰਧੀ ਲੋਕ ਉਸ ਸਮੇਂ ਐਂਟੀ ਸਨ ਉਹ ਗਾਲੀ ਵੀ ਦਿੰਦੇ ਸਨ ਅਤੇ ਸਾਮਾਨ ਵੀ ਦਿੱਤਾ। ਜੋ ਵੱਧੀਆ - ਵੱਧੀਆ ਚੀਜ਼ਾਂ ਸੀ ਉਹ ਹੱਥ ਜੋੜ੍ਹਕੇ ਦੇਕੇ ਗਏ ਕਿ ਤੁਸੀਂ ਹੀ ਯੂਜ਼ ਕਰੋ। ਤਾਂ ਦੁਨੀਆਂ ਵਾਲਿਆਂ ਦੇ ਲਈ ਹੰਗਾਮਾ ਸੀ ਅਤੇ ਬ੍ਰਹਮਾਕੁਮਾਰੀਆਂ ਦੇ ਲਈ ਪੰਜ ਰੁਪਏ ਵਿੱਚ ਸਬਜ਼ੀਆਂ ਦੀ ਸਾਰੀ ਬੈਲਗੱਡੀ ਸੀ। ਪੰਜ ਰੁਪਏ ਵਿੱਚ ਸਬਜ਼ੀਆਂ। ਤੁਸੀਂ ਕਿੰਨੇ ਮਜ਼ੇ ਨਾਲ ਸਬਜ਼ੀਆਂ ਖਾਂਦੇ ਸੀ। ਤਾਂ ਦੁਨੀਆਂ ਵਾਲੇ ਡਰਦੇ ਸਨ ਅਤੇ ਤੁਸੀਂ ਲੋਕ ਨੱਚਦੇ ਸੀ। ਤਾਂ ਪ੍ਰੈਕਟੀਕਲ ਵਿੱਚ ਦੇਖਿਆ ਕਿ ਬ੍ਰਹਮਾ ਬਾਪ, ਦਾਦਾ - ਦੋਵੇਂ ਹੀ ਛਤਰਛਾਇਆ ਬਣ ਕਿੰਨਾ ਸੇਫ਼ਟੀ ਨਾਲ ਸਥਾਪਨਾ ਦਾ ਕੰਮ

ਕੀਤਾ। ਤਾਂ ਜਦੋਂ ਇਹਨਾਂ ਨੂੰ ਅਨੁਭਵ ਹੈ ਤਾਂ ਕੀ ਤੁਸੀਂ ਅਨੁਭਵ ਨਹੀਂ ਕਰ ਸਕਦੇ? ਪਹਿਲੇ ਤੁਸੀਂ ਜੋ ਚਾਹੋ, ਜਿਨਾਂ ਚਾਹੋ ਇਸ ਡਾਇਮੰਡ ਵਰ੍ਹੇ ਵਿੱਚ ਛਤਰਛਾਇਆ ਦਾ ਅਤੇ ਬ੍ਰਹਮਾ ਬਾਪ ਦੇ ਪਿਆਰ ਦਾ ਪ੍ਰੈਕਟੀਕਲ ਅਨੁਭਵ ਕਰ ਸਕਦੇ ਹੋ। ਇਹ ਇਸ ਵਰ੍ਹੇ ਨੂੰ ਵਰਦਾਨ ਮਤਲਬ ਸਹਿਜ ਪ੍ਰਾਪਤੀ ਹੈ। ਜ਼ਿਆਦਾ ਪੁਰਸ਼ਾਰਥ ਨਹੀਂ ਕਰਨਾ ਪਵੇਗਾ। ਪੁਰਸ਼ਾਰਥ ਨਾਲ ਥੱਕ ਜਾਂਦੇ ਹੋ ਨਾ। ਜਦੋਂ ਕੋਈ ਪੁਰਸ਼ਾਰਥ ਕਰਕੇ ਥੱਕ ਜਾਂਦੇ ਹਨ ਤਾਂ ਉਸ ਸਮੇਂ ਬਾਪਦਾਦਾ ਉਸਦਾ ਚੇਹਰਾ ਦੇਖਦੇ ਹਨ, ਰਹਿਮ ਵੀ ਬਹੁਤ ਆਉਂਦਾ ਹੈ। ਤਾਂ ਹੁਣ ਕੀ ਕਰਨਗੇ? ਕੀ ਬਣਨਗੇ? ਫਰਿਸ਼ਤਾ। ਫਰਿਸ਼ਤਾ ਰੂਪ ਵਿੱਚ ਚਲਣਾ- ਫਿਰਨਾ, ਇਹ ਹੀ ਡਾਇਮੰਡ ਬਣਨਾ ਹੈ ਕਿਉਂਕਿ ਜੋ ਬਹੁਤ ਕੀਮਤੀ, ਮੁੱਲਵਾਨ, ਬੇਦਾਗ਼ ਡਾਇਮੰਡ ਹੁੰਦਾ ਹੈ ਉਸਦੀ ਨਿਸ਼ਾਨੀ ਕੀ ਹੁੰਦੀ ਹੈ? ਉਸਨੂੰ ਲਾਇਟ ਦੇ ਅੱਗੇ ਰੱਖੋ ਤਾਂ ਚਮਕੇਗਾ ਅਤੇ ਜਦੋਂ ਚਮਕਦਾ ਹੈ ਤਾਂ ਵਿੱਚੋ ਕਿਰਨਾਂ ਨਿਕਲਦੀਆਂ ਹਨ, ਉਸ ਵਿੱਚ ਵੱਖ - ਵੱਖ ਰੰਗ ਦਿਖਾਈ ਦਿੰਦੇ ਹਨ। ਤੋਂ ਜਦੋਂ ਤੁਸੀਂ ਰੀਅਲ ਡਾਇਮੰਡ ਬਣੋਗੇ, ਫਰਿਸ਼ਤਾ ਬਣ ਜਾਵੋਗੇ ਤਾਂ ਤੁਹਾਡੇ ਫਰਿਸ਼ਤੇ ਸਵਰੂਪ ਨਾਲ ਇਹ ਅਸ਼ਟ ਸ਼ਕਤੀਆਂ ਦਿਖਾਈ ਦੇਣਗੀਆਂ। ਜਿਵੇਂ ਉਹ ਰੰਗ ਕਿਰਨਾਂ ਦੇ ਰੂਪ ਵਿੱਚ ਦਿਖਾਈ ਦਿੰਦੇ ਹਨ, ਇਵੇਂ ਤੁਸੀਂ ਡਾਇਮੰਡ ਮਤਲਬ ਫਰਿਸ਼ਤਾ ਰੂਪ ਬਣੋ ਤਾਂ ਚੱਲਦੇ -ਫਿਰਦੇ ਤੁਹਾਡੇ ਦਵਾਰਾ ਅਸ਼ਟ ਸ਼ਕਤੀਆਂ ਦੀਆਂ ਕਿਰਨਾਂ ਦੀ ਅਨੁਭੂਤੀ ਹੋਵੇਗੀ। ਕਿਸੇ ਨੂੰ ਤੁਹਾਡੀ ਸਹਿਣਸ਼ਕਤੀ ਦੀ ਫੀਲਿੰਗ ਆਏਗੀ, ਕਿਸੇ ਨੂੰ ਤੁਹਾਡੇ ਨਿਰਣੇ ਕਰਨ ਦੀ ਸ਼ਕਤੀ ਦੀ ਫੀਲਿੰਗ ਆਏਗੀ, ਕਿਸੇ ਤੋਂ ਕੀ, ਕਿਸੇ ਤੋਂ ਕੀ ਸ਼ਕਤੀਆਂ ਦੀ ਫੀਲਿੰਗ ਆਏਗੀ। ਤੁਸੀਂ ਜਿਨਾਂ ਜ਼ਿਆਦਾ ਅਭਿਆਸ ਕਰੋਂਗੇ, ਮੰਨ ਲਓ ਹੁਣ ਕਲ ਤੋਂ ਨਵਾਂ ਵਰ੍ਹਾ ਵੀ ਸ਼ੁਰੂ ਹੋਵੇਗਾ ਅਤੇ ਡਾਇਮੰਡ ਜੁਬਲੀ ਵੀ ਸ਼ੁਰੂ ਹੋਵਗੀ ਤਾਂ ਕਲ ਤੋਂ ਮਤਲਬ ਪਹਿਲਾ ਮਹੀਨਾ ਜੋ ਜਨਵਰੀ ਹੈ, ਉਸ ਇੱਕ ਮਹੀਨੇ ਵਿੱਚ ਤੁਸੀਂ ਫਰਿਸ਼ਤਾ ਰੂਪ ਵਿੱਚ ਅਭਿਆਸ ਕਰੋਂਗੇ ਅਤੇ ਦੂਸਰਾ ਮਹੀਨਾ ਆਏਗਾ ਉਸ ਵਿੱਚ ਤੁਹਾਡਾ ਅਭਿਆਸ ਹੋਰ ਵਧੇਗਾ, ਤੀਸਰੇ ਮਹੀਨੇ ਵਿੱਚ ਹੋਰ ਵਧੇਗਾ ਅਤੇ ਜਿਨਾਂ -ਜਿਨਾਂ ਵਧਦਾ ਜਾਏਗਾ ਨਾ ਓਨਾ - ਓਨਾ ਤੁਹਾਡੇ ਦਵਾਰਾ ਹੋਰਾਂ ਨੂੰ ਮਹਿਸੂਸਤਾ ਹੋਵੇਗੀ। ਸਮਝਾ? ਤਾਂ ਇਹ ਤਾਂ ਹੈ ਬ੍ਰਹਮਾ ਬਾਪ ਦੀ ਗਿਫ਼੍ਟ। ਸਭ ਦਵੋਗੇ ਜਾਂ ਕੋਈ - ਕੋਈ ਦਵੇਗਾ।

ਅੱਛਾ, ਮਧੂਬਨ ਵਾਲੇ ਵੀ ਗਿਫ਼੍ਟ ਦੇਣਗੇ ਨਾ! ਮਧੂਬਨ ਵਾਲੇ ਤਾਂ ਹਾਂ ਜੀ ਵਿੱਚ ਹੁਸ਼ਿਆਰ ਹਨ। (ਗਿਆਨ ਸਰੋਵਰ ਵਿੱਚ ਵੀ ਮੁਰਲੀ ਸੁਣ ਰਹੇ ਹੋ) ਗਿਆਨ ਸਰੋਵਰ ਵਾਲੇ ਫਰਿਸ਼ਤੇ ਬਣ ਜਾਣਗੇ ਅਤੇ ਇਹ ਜੋ ਟ੍ਰਾਂਸਲੇਟ ਕਰ ਰਹੇ ਹਨ, ਮਾਈਕ ਵਾਲੇ, ਲਾਇਟ ਵਾਲੇ, ਸਭ ਨੂੰ ਡਬਲ ਲਾਇਟ, ਫਰਿਸ਼ਤਾ ਬਣਨਾ ਹੈ। ਮੁਸ਼ਕਿਲ ਤਾਂ ਨਹੀਂ ਲੱਗਦਾ ਹੈ ਨਾ? 63 ਜਨਮ ਇਸ ਸ਼ਰੀਰ ਨਾਲ ਪਿਆਰ ਹੈ, ਤਾਂ ਮੁਸ਼ਕਿਲ ਨਹੀਂ ਹੋਵੇਗਾ? ਜੋ ਦ੍ਰਿੜ੍ਹ ਨਿਸ਼ਚੇ ਦੀ ਵਿਜੇ ਟਲ ਨਹੀਂ ਸਕਦੀ। ਭਾਵੇਂ ਪੰਜ ਹੀ ਤੱਤਵ ਜਾਂ ਆਤਮਾਵਾਂ ਕਿੰਨਾ ਵੀ ਸਾਹਮਣਾ ਕਰਨ ਪਰ ਉਹ ਸਾਮਣਾ ਕਰਨਗੇ ਅਤੇ ਤੁਸੀਂ ਸਮਾਉਣ ਦੀ ਸ਼ਕਤੀ ਨਾਲ ਉਸ ਸਾਮਨਾ ਨੂੰ ਸਮਾ ਲਵੋਗੇ ਕਿਉਂਕਿ ਨਿਸ਼ਚੇ ਹੈ। ਇਹ 60 ਵਰ੍ਹੇ ਜੋ ਸਥਾਪਨਾ ਦੇ ਚੱਲੇ ਇਸ ਵਿੱਚ ਵੀ ਆਦਿ ਤੋਂ ਕਮਾਲ ਬ੍ਰਹਮਾ ਬਾਪ ਅਤੇ ਅੰਨਨਯ ਬੱਚਿਆਂ ਦਾ ਰਿਹਾ। ਕਦੀ ਨਿਸ਼ਚੇ ਵਿੱਚ ਹਲਚਲ ਨਹੀਂ ਹੋਈ। ਵਿਜੇ ਹੋਈ ਪਈ ਹੈ, ਇਹ ਬੋਲ ਸਦਾ ਬ੍ਰਹਮਾ ਬਾਪ ਦੇ ਰਹੇ।

ਤਾਂ ਅੱਜ ਵਿਸ਼ੇਸ਼ ਬ੍ਰਹਮਾ ਬਾਪ ਨੇ ਸਭ ਬੱਚਿਆਂ ਨੂੰ ਵਿਸ਼ੇਸ਼ ਮੁਬਾਰਕ ਅਤੇ ਬਹੁਤ-ਬਹੁਤ ਪਿਆਰ ਦਿੱਤਾ। ਜਿਤਨੇ ਵੀ ਹੋ, ਭਾਵੇਂ ਚਾਰ ਲੱਖ ਹੋਵੇ, ਭਾਵੇ 14 ਲੱਖ ਹੋਵੇ, ਪਰ ਬ੍ਰਹਮਾ ਬਾਪ ਦੀ ਬਾਹਵਾਂ ਇੰਨੀਆਂ ਵੱਡੀਆਂ ਹਨ ਜੋ 14 ਲੱਖ ਵੀ ਇੱਕਠੇ ਭੁਜਾਵਾਂ ਵਿੱਚ ਸਮਾ ਸਕਦੇ ਹੋ ਇਸਲਈ ਪਰਮ ਆਤਮਾ ਦਾ ਭਗਤੀ ਮਾਰਗ ਵਿੱਚ ਵਿਰਾਟ ਰੂਪ ਦਿਖਾਉਂਦੇ ਹਨ, ਜਿਸਨਾਲ ਸਭ ਸਮਾਏ ਹੋਏ ਹਨ। ਤਾਂ ਸਭ ਬ੍ਰਹਮਾ ਬਾਪ ਦੀ ਬਾਹਵਾਂ ਵਿੱਚ ਸਮਾਏ ਹੋਏ ਹੋ। ਕੁਝ ਵੀ ਹੋਵੇ, ਜਿਵੇਂ ਛੋਟਾ ਬੱਚਾ ਕੀ ਕਰਦਾ ਹੈ, ਜੇਕਰ ਉਸਨੂੰ ਕੋਈ ਕੁਝ ਵੀ ਕਹਿੰਦਾ ਹੈ ਜਾਂ ਕੁਝ ਵੀ ਹੁੰਦਾ ਹੈ ਤਾਂ ਉਹ ਮਾਂ ਜਾਂ ਬਾਪ ਦੀਆਂ ਬਾਹਾਂ ਵਿੱਚ ਸਮਾ ਜਾਏਗਾ। ਇਵੇਂ ਹੁੰਦਾ ਹੈ ਨਾ! ਤਾਂ ਤੁਸੀਂ ਵੀ ਇਵੇਂ ਕਰੋ। ਬੱਚੇ ਹੋ ਨਾ ਕਿ ਹੁਣ ਵੱਡੇ ਹੋ ਗਏ ਹੋ? 100 ਸਾਲ ਦਾ ਵੀ ਆਵੇ ਬਾਪ ਦੇ ਅੱਗੇ ਤਾਂ ਛੋਟਾ ਬੱਚਾ ਹੀ ਹੈ। ਤਾਂ ਤੁਹਾਨੂੰ ਵੀ ਕੁਝ ਵੀ ਹੋਵੇ ਨਾ, ਬਸ ਬ੍ਰਹਮਾ ਬਾਪ ਦੀ ਬਾਹਾਂ ਵਿੱਚ ਸਮਾ ਜਾਓ, ਬਸ। ਇਹ ਤਾਂ ਸਹਿਜ ਹੈ ਨਾ? ਅੱਛਾ।

ਚਾਰੋਂ ਪਾਸੇ ਦੇ ਚਮਕਦੇ ਹੋਏ ਸੱਚੇ ਡਾਇਮੰਡਸ ਨੂੰ, ਸਦਾ ਨਿਸ਼ਚੇ ਅਤੇ ਦ੍ਰਿੜ੍ਹ ਸੰਕਲਪ ਦਵਾਰਾ ਖੁਦ ਨੂੰ ਸੱਚਾ ਡਾਇਮੰਡ ਬਣਾਏ ਹੋਰਾਂ ਨੂੰ ਬਣਾਉਣ ਵਾਲੇ, ਸਦਾ ਬਾਪਦਾਦਾ ਦੇ ਸਮਾਨ ਡਬਲ ਲਾਇਟ ਫਰਿਸ਼ਤਾ ਸਵਰੂਪ ਵਿੱਚ ਸਥਿਤ ਹੋਣ ਵਾਲੇ ਸ਼੍ਰੇਸ਼ਠ ਆਤਮਾਵਾਂ, ਸਦਾ ਬਾਪ ਅਤੇ ਸੇਵਾ ਦੋਵਾਂ ਵਿੱਚ ਬਿਜ਼ੀ ਰਹਿਣ ਵਾਲੇ ਮਾਇਆਜਿੱਤ ਸੋ ਵਿਸ਼ਵ ਦੇ ਰਾਜ ਭਾਗਜਿੱਤ, ਅਜਿਹੇ ਸੰਗਮਯੁਗੀ ਡਾਇਮੰਡਸ ਨੂੰ ਬਾਪਦਾਦਾ ਦਾ ਯਾਦ- ਪਿਆਰ ਅਤੇ ਨਮਸਤੇ।

ਵਰਦਾਨ:- ਸਦਾ ਸੇਫ਼ਟੀ ਦੇ ਸਥਾਨ ਤੇ ਰਹਿ ਨਿਰਭੈ ਅਤੇ ਨਿਸ਼ਚਿੰਤ ਰਹਿਣ ਵਾਲੇ ਬਾਪਦਾਦਾ ਦੇ ਦਿਲਤਖ਼ਤਨਸ਼ੀਨ ਭਵ

ਬਾਪਦਾਦਾ ਦਾ ਦਿਲਤਖ਼ਤ ਸਰਵਸ਼੍ਰੇਸ਼ਠ ਸਥਾਨ ਹੈ। ਜੋ ਸਦਾ ਬਾਪ ਦੇ ਦਿਲਤਖ਼ਤਨਸ਼ੀਨ ਹਨ ਉਹ ਹੀ ਸੇਫ਼ ਰਹਿੰਦੇ ਹਨ। ਉਹਨਾਂ ਦੇ ਕੋਲ ਮਾਇਆ ਆ ਨਹੀਂ ਸਕਦੀ। ਅਜਿਹੀਆਂ ਦਿਲਤਖ਼ਤਨਸ਼ੀਨ ਆਤਮਾ ਨਿਰਭੈ ਹਨ, ਨਿਸ਼ਚਿੰਤ ਹਨ - ਇਹ ਨਿਸ਼ਚਿਤ ਹੈ, ਅਟਲ ਹੈ। ਤਾਂ ਦਿਲਤਖ਼ਤ ਤੇ ਬੈਠ ਜਾਓ। ਇਸ ਨਸ਼ੇ ਵਿੱਚ ਰਹੋ ਕਿ ਹੁਣ ਅਸੀਂ ਬਾਪਦਾਦਾ ਦੇ ਦਿਲਤਖ਼ਤਨਸ਼ੀਨ ਹਾਂ ਅਤੇ ਅਨੇਕ ਜਨਮ ਰਾਜ ਤਖ਼ਤਨਸ਼ੀਨ ਬਣਾਂਗੇ। ਇਸ ਰੂਹਾਨੀ ਨਸ਼ੇ ਵਿੱਚ ਰਹਿਣ ਨਾਲ ਦੁੱਖ ਦੀ ਲਹਿਰ ਆ ਨਹੀਂ ਸਕਦੀ।

ਸਲੋਗਨ:- ਬੁੱਧੀ ਤੇ ਕਿਸੇ ਵੀ ਤਰ੍ਹਾਂ ਦਾ ਬੋਝ ਨਾ ਹੋਵੇ ਉਦੋਂ ਕਹਾਂਗੇ ਡਬਲ ਲਾਇਟ ਫਰਿਸ਼ਤੇ।

******

ਇਸ ਮਹੀਨੇ ਦੀਆਂ ਸਾਰੀਆਂ ਮੁਰਲੀਆਂ (ਈਸ਼ਵਰੀ ਮਹਾਂਵਾਕ) ਨਿਰਾਕਾਰ ਪਰਮਾਤਮਾ ਦੇ ਬ੍ਰਹਮਾ ਮੁਖਕਮਲ ਤੋਂ ਆਪਣੇ ਬ੍ਰਹਮਾਵਤਸਾ ਮਤਲਬ

ਬ੍ਰਹਮਾਕੁਮਾਰ ਅਤੇ ਬ੍ਰਹਮਾਕੁਮਾਰੀਆਂ ਦੇ ਸਮੁਖ 18-1-99 ਤੋਂ ਪਹਿਲੇ ਉਚਾਰਨ ਕੀਤੀਆਂ ਸੀ। ਇਹ ਕੇਵਲ ਬ੍ਰਹਮਾਕੁਮਾਰੀਜ਼ ਦੀ ਅਧਿਕ੍ਰਿਤੀ ਟੀਚਰ ਭੈਣਾਂ ਦਵਾਰਾ ਨਿਮਿਤ ਬੀ. ਕੇ ਵਿਦਿਆਰਥੀਆਂ ਨੂੰ ਸੁਨਾਉਣ ਦੇ ਲਈ ਹੈ।